# ਪਬਲਿਕ ਨੋਟਿਸ

ਨੰਬਰ (ਈ-539042/2023)/(ਪੀ-3)　　　　ਮਿਤੀ 21-09-2024

ਸਾਲ 2015 ਅਤੇ ਇਸ ਤੋ ਬਾਅਦ ਵਿੱਚ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਕੀਤੀਆਂ ਗਈਆਂ ਪਦ-ਉੱਨਤੀਆਂ ਦੇ ਰੀਵਿਊ ਸਬੰਧੀ, ਜਾਰੀ ਨੋਟਿਸ ਮਿਤੀ 20.09.2024 ਦੀ ਲਗਾਤਾਰਤਾ ਵਿੱਚ-

1. ਸੰਬੰਧਤ ਕਰਮਚਾਰੀ ਆਪਣੇ ਤੋਂ ਜੂਨੀਅਰ ਕਰਮਚਾਰੀ ਨਾਲ ਆਪਣੀ ਤੁਲਨਾ ਬੈਚ-ਵਾਈਜ਼ ਮੈਰਿਟ ਦੇ ਆਧਾਰ 'ਤੇ ਕਰਨਗੇ ਅਰਥਾਤ ਇੱਕ ਹੀ ਇਸ਼ਤਿਹਾਰ ਅਧੀਨ ਨਿਸਚਿਤ ਸਮੇਂ ਅੰਦਰ ਜੁਆਇਨ ਕਰਨ ਵਾਲੇ ਕਰਮਚਾਰੀ ਆਪਣੇ ਹੀ ਭਰਤੀ-ਬੈਚ ਦੇ ਆਪਣੇ ਤੋਂ ਘੱਟ ਮੈਰਿਟ ਵਾਲੇ ਉਹਨਾਂ ਕਰਮਚਾਰੀਆਂ ਨਾਲ ਆਪਣੀ ਤੁਲਨਾ ਕਰਨਗੇ ਜੋ ਕਿ 2015 ਜਾਂ ਇਸ ਤੋਂ ਬਾਅਦ ਮਾਸਟਰ ਕਾਡਰ ਵਿੱਚ ਪ੍ਰਮੋਟ ਹੋ ਚੁੱਕੇ ਹਨ। ਇਸ ਮੰਤਵ ਲਈ ਦਾਅਵੇਦਾਰ ਆਪਣੇ ਮੈਰਿਟ ਅੰਕ ਅਤੇ ਆਪਣੇ ਤੋਂ ਜੂਨੀਅਰ ਕਰਮਚਾਰੀ ਦੇ ਮੈਰਿਟ ਅੰਕ ਦਾ ਦਸਤਾਵੇਜੀ ਸਬੂਤ ਪੇਸ਼ ਕਰਨਗੇ।
2. ਉਪਰੋਕਤ ਦਰਸਾਏ ਗਏ ਸ਼ਡਿਊਲ ਅਨੁਸਾਰ ਸਬੰਧਤ ਜ਼ਿਲ੍ਹਿਆਂ ਦੇ ਕਰਮਚਾਰੀ/ ਅਧਿਆਪਕ ਆਪ ਆਪਣਾ ਕੇਸ ਤਿਆਰ ਕਰਕੇ ਨਿੱਜੀ ਰੂਪ ਵਿੱਚ ਨਿਸ਼ਚਿਤ ਮਿਤੀ ਅਤੇ ਸਥਾਨ ਤੇ ਹਾਜ਼ਰ ਹੋਣਗੇ, ਕੇਸ ਜਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰਾਂ ਰਾਹੀਂ, ਮੇਲ ਰਾਹੀਂ ਜਾਂ ਡਾਕ ਰਾਹੀਂ ਪ੍ਰਾਪਤ ਨਹੀਂ ਕੀਤੇ ਜਾਣਗੇ।
3. ਜੇਕਰ ਕੋਈ ਕਰਮਚਾਰੀ ਸਾਲ 2015 ਜਾਂ ਇਸ ਤੋਂ ਬਾਅਦ ਮਾਸਟਰ ਕਾਡਰ ਵਿੱਚ ਪ੍ਰਮੋਸ਼ਨ ਨਾ ਲੈਣ ਕਰਕੇ ਡੀ- ਬਾਰ ਹੋਇਆ ਹੈ ਤਾਂ ਡੀ ਬਾਰ ਦੇ ਸਮੇਂ ਦੌਰਾਨ ਉਸ ਦਾ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ। ਡੀ-ਬਾਰ ਨਾ ਹੋਣ ਦਾ ਸਰਟੀਫਿਕੇਟ ਵੀ ਡੀ.ਡੀ.ਓ. ਤੋਂ ਤਸਦੀਕ ਕਰਵਾ ਕੇ ਕੇਸ ਵਿੱਚ ਨੱਥੀ ਕੀਤਾ ਜਾਵੇ।
4. ਪਰੋਫਾਰਮਾ 'ਓ' ਅਤੇ ਦਸਤਾਵੇਜ ਸੂਚੀ ਵਿੱਚ (ii) ਤੋਂ (viii) ਤੱਕ ਦਸਤਾਵੇਜਾਂ ਦੀਆਂ ਕਾਪੀਆਂ ਆਪਣੇ ਡੀ.ਡੀ.ਓ. ਤੋਂ ਤਸਦੀਕ ਕਰਵਾ ਕੇ ਲਗਾਈਆਂ ਜਾਣ, ਜਿ.ਸਿ.ਅ. ਤੋਂ ਪ੍ਰਤੀ ਹਸਤਾਖਰ ਕਰਵਾਉਣ ਦੀ ਲੋੜ ਨਹੀਂ ਹੈ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

CS CamScanner